## ਕੌਂਵਿਡ ਦੇ ਬਚਾਅ ਵਾਸਤੇ ਟੀਕੇ

ਇਹ ਟੀਕੇ  ਇਮਿਊਨਿਟੀ ਸਿਸਟਮ ਨੂੰ ਤਾਕਤਵਰ ਬਣਾਉਂਦੇ ਹਨ ਅਤੇ ਕੌਂਵਿਡ ਦੇ ਵਾਇਰਸ ਤੋਂ ਰੋਕਣ ਵਿੱਚ ਸਹਾਇਤਾ ਕਰਦੇ ਹਨ ਅਤੇ ਕਰੋਨਾਂ ਵਾਇਰਸ ਨੂੰ ਸਾਡੇ ਸਰੀਰ ਵਿੱਚ ਫੈਲਣ ਤੋਂ ਰੋਕਦੇ ਹਨ।
ਯੂਰੌਪ ਵਿਚ ਵੱਖੋ ਵੱਖਰੀਆਂ ਕਿਸਮਾਂ ਦੇ ਟੀਕਿਆਂ ਨੂੰ ਲਗਾਉਣ ਦੀ ਮਾਨਤਾ ਦਿੱਤੀ ਗਈ ਹੈ : ਹਾਲਾਂਕਿ ਉਹ ਵੱਖਰੇ ਵੱਖਰੇ ਢੰਗ ਨਾਲ ਕੰਮ ਕਰਦੇ ਹਨ ਪਰ ਇਹ ਸਾਰੇ ਟੀਕੇ ਕੌਂਵਿਡ ਦੇ ਵਾਇਰਸ ਤੋਂ ਸਾਡੀ ਰੱਖਿਆ ਵਿਚ ਸਹਾਇਤਾ ਕਰਦੇ ਹਨ!

## ਇਹ ਟੀਕੇ ਕਿਉਂ ਲਗਾਏ ਜਾਂਦੇ ਹਨ

ਕਿਉਂਕਿ ਇਹ ਟੀਕੇ ਵਾਇਰਸ ਦੇ ਗੰਭੀਰ ਰੂਪਾਂ ਨੂੰ ਵਿਕਸਤ ਕਰਨ ਤੋਂ ਬਚਾਉਂਦੇ ਹਨ।
ਕਿਉਂਕਿ ਇਹ ਟੀਕੇ ਲਗਾਉਣ ਦਾ ਅਧਿਕਾਰ ਸਾਡੇ ਖੇਤਰ ਦੇ ਸਾਰੇ ਲੋਕਾਂ ਲਈ ਹੈ ਅਤੇ ਇਹ ਬਿਲਕੁਲ ਮੁਫਤ ਹਨ।
**ਕਿਉਂਕਿ ਇਹ ਟੀਕੇ ਲਗਾਉਣਾਂ ਆਬਾਦੀ ਦੀ ਸੁਰੱਖਿਆ ਲਈ ਜ਼ਰੂਰੀ ਹੈ ਹਾਲਾਂਕਿ ਇਹ ਲਾਜ਼ਮੀ ਨਹੀਂ ਹਨ।**

## ਇਹ ਟੀਕੇ ਕਿਸ ਤਰਾਂ ਲਗਾਏ ਜਾਂਦੇ ਹਨ

ਜ਼ਿਆਦਾਤਰ ਟੀਕੇ 2 ਡੋਜ਼ ਵਿਚ ਲਗਾਏ ਜਾਂਦੇ ਹਨ, ਪਹਿਲਾ ਡੋਜ਼ ਤੋਂ ਬਾਦ ਦੂਜੀ ਡੋਜ਼ ਕੁਝ ਹਫ਼ਤਿਆਂ ਤੋਂ ਬਾਦ ਲਗਾਈ ਜਾਂਦੀ ਹੈ. ਆਪਦੀ ਸੇਹਤ ਦੀ ਸੁਰੱਖਿਆ ਵਾਸਤੇ, ਟੀਕੇ ਦੇ ਦੋਵਾਂ ਡੋਜ਼ਾਂ ਨੂੰ ਲਗਾਉਣਾਂ ਬਹੁਤ ਮਹੱਤਵਪੂਰਨ ਹੈ!

## ਟੀਕੇ ਲਗਾਉਣ ਤੋਂ ਬਾਦ ਕੀ ਹੁੰਦਾ ਹੈ

ਟੀਕੇ ਲਗਾਉਣ ਤੋਂ ਤੁਰੰਤ ਬਾਅਦ ਸਾਨੂੰ ਕਿਸੇ ਤੁਰੰਤ ਰਿਐਕਸ਼ਨ(ਅਸਰ) ਦੀ ਜਾਂਚ ਕਰਨ ਲਈ 15-30 ਮਿੰਟ ਹਸਪਤਾਲ ਵਿੱਚ ਜਿੱਥੇ ਆਪਦੇ ਟੀਕਾ ਲੱਗਾ ਹੈ ਉੱਥੇ ਉਡੀਕ ਕਰਨ ਲਈ ਕਿਹਾ ਜਾਵੇਗਾ.
ਟੀਕਾ ਲਗਵਾਉਣ ਤੋਂ ਅਗਲੇ ਦਿਨਾਂ ਵਿੱਚ ਇਸਦੇ ਕੁਝ ਪ੍ਰਭਾਵ ਹੋਣਾ ਆਮ ਗੱਲ ਹੈ, ਇਸਦਾ ਮਤਲਬ ਹੈ ਕਿ ਆਪਦੀ ਇਮਿਊਨਿਟੀ ਤਾਕਤਵਰ ਹੋ ਰਹੀ ਹੈ ਅਤੇ ਆਪਦੇ ਸਰੀਰ ਨੂੰ ਵਾਇਰਸ ਤੋਂ ਬਚਾਅ ਲਈ ਕਾਰਜਸ਼ੀਲ ਹੋ ਰਹੀ ਹੈ.
ਇਹਨਾਂ ਟੀਕਿਆਂ ਦੇ ਸਭ ਤੋਂ ਆਮ ਮਾੜੇ ਪ੍ਰਭਾਵ ਹਲਕੇ ਹੁੰਦੇ ਹਨ ਅਤੇ 1 ਜਾਂ 2 ਦਿਨਾਂ ਦੇ ਬਾਅਦ ਅਲੋਪ ਹੋ ਜਾਂਦੇ ਹਨ: ਜਿਸ ਤਰਾਂ ਟੀਕੇ ਦੇ ਖੇਤਰ ਵਿੱਚ ਲਾਲੀ ਅਤੇ / ਜਾਂ ਦਰਦ, ਥਕਾਵਟ, ਸਿਰ ਦਰਦ, ਮਾਸਪੇਸ਼ੀ ਦੇ ਦਰਦ, ਬੁਖਾਰ ਆਦਿ.
ਜੇ ਇਹ ਲੱਛਣ 3 ਦਿਨਾਂ ਤੋਂ ਵੱਧ ਸਮੇਂ ਲਈ ਬਣੇ ਰਹਿੰਦੇ ਹਨ ਜਾਂ ਜੇ ਤੁਹਾਨੂੰ ਅਚਾਨਕ ਸੇਹਤ ਖਰਾਬ ਹੋਣ ਦੇ ਹੋਰ ਲੱਛਣ ਲੱਗਦੇ  ਹਨ, ਤਾਂ ਆਪਣੇ ਪਰਿਵਾਰਕ ਡਾਕਟਰ ਜਾਂ ਨੇੜਲੇ ਆਸਲ(AUSL) ਨੂੰ ਕਾਲ ਕਰੋ.
ਐਮਰਜੈਂਸੀ ਦੀ ਸਥਿਤੀ ਵਿੱਚ, ਹਮੇਸ਼ਾਂ 118 ਤੇ ਕਾਲ ਕਰੋ ਜਾਂ ਐਮਰਜੈਂਸੀ (ਪਰੌਂਤੋ ਸਕੋਰਸੋ) ਵਿੱਚ ਜਾਓ

## ਕੀ ਇਹ ਟੀਕਾ ਲਗਾਉਣ ਦੇ ਤੁਰੰਤ ਬਾਅਦ  ਆਪਦੇ ਸਰੀਰ ਦੀ ਸੁਰੱਖਿਆ ਸ਼ੁਰੂ ਹੋ ਜਾਂਦੀ ਹੈ?

ਨਹੀ: ਇਹ ਟੀਕਾ ਜੇਕਰ 2 ਖੁਰਾਕਾਂ ਲਗਵਾਉਣੀਆਂ ਹਨ ਤਾਂ ਦੂਜੀ ਖੁਰਾਕ ਦੇ 2 ਹਫ਼ਤੇ ਬਾਅਦ (2 ਖੁਰਾਕਾਂ ਦੇ ਮਾਮਲੇ ਵਿਚ) ਜਾਂ ਜੇਕਰ ਆਪਨੇਂ ਇਕ ਖੁਰਾਕ ਵਾਲ਼ਾ ਟੀਕਾ ਲਗਾਇਆ ਹੈ ਤਾਂ ਇਸਨੂੰ ਲਗਵਾਉਣ ਦੇ ਦੋ ਹਫਤੇ ਬਾਅਦ ਪ੍ਰਭਾਵੀ ਮੰਨਿਆ ਜਾਂਦਾ ਹੈ।

## ਟੀਕਾ ਲਗਵਾਉਣ ਤੋਂ ਬਾਦ ਆਪ ਕੀ ਕਰ ਸਕਦੇ ਹੋ

ਟੀਕਾ ਲਗਵਾਉਣ ਤੋਂ ਬਾਦ ਕੋਵੀਡ -19 ਸੁਰੱਖਿਆ ਦੇ ਸਾਰੇ ਉਪਾਵਾਂ ਦਾ ਸਤਿਕਾਰ ਕਰਨਾ ਜਾਰੀ ਰੱਖਣਾ ਚਾਹੀਦਾ ਹੈ: ਮਾਸਕ ਨੂੰ ਸਹੀ ਤਰ੍ਹਾਂ ਪਹਿਨੋ (ਜੋ ਕਿ ਨੱਕ ਅਤੇ ਮੂੰਹ ਨੂੰ ਕਵਰ ਕਰਦਾ ਹੈ) ਜਿਵੇਂ ਕਿ ਰਾਸ਼ਟਰੀ ਪ੍ਰਬੰਧਾਂ ਅਨੁਸਾਰ ਲੋੜੀਂਦਾ ਹੈ, ਘੱਟੋ ਘੱਟ 1 ਮੀਟਰ ਦੀ ਆਪਸੀ ਦੂਰੀ ਬਣਾਈ ਰੱਖੋ, ਭੀੜ ਤੋਂ ਬਚੋ ਅਤੇ ਅਕਸਰ ਆਪਣੇ ਹੱਥ ਧੋਵੋ. ਸਾਬਣ ਅਤੇ ਪਾਣੀ ਜਾਂ ਹਾਈਡ੍ਰੋ ਅਲਕੋਹਲਿਕ ਘੋਲ ਦੇ ਨਾਲ.

ਟੀਕਾ ਲਗਵਾਉਣ ਲਈ ਧੰਨਵਾਦ,
ਆਪਣੇ ਆਪ ਦੀ ਅਤੇ ਸਾਡੇ ਸਾਰਿਆਂ ਦੀ ਰੱਖਿਆ ਕਰੋ!

ICARE
Co-funded by Asylum, Migration and Integration Fund of the European Union